# ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।

(ਹਾਊਸਿੰਗ ਸ਼ਾਖਾ)

**ਹੁਕਮ**

ਦੀ ਏ.ਸੀ.ਸੀ ਮੈਂਬਰਜ਼ ਸੈਲਫ ਸਪੋਰਟਿੰਗ ਸਹਿਕਾਰੀ ਮਕਾਨ ਉਸਾਰੀ ਸਭਾ ਲਿਮ., ਮੋਹਾਲੀ ਨਾਲ ਸਬੰਧਤ ਮਸਲਿਆਂ ਸਬੰਧੀ ਮਿਤੀ 13.8.2020 ਨੂੰ ਸੁਣਵਾਈ ਕੀਤੀ ਗਈ। ਸੁਣਵਾਈ ਦੌਰਾਨ ਸ੍ਰੀ ਦਵਿੰਦਰ ਲਖਨਪਾਲ(ਸਾਬਕਾ ਆਨਰੇਰੀ ਸਕੱਤਰ) ਨੇ ਸਭਾ ਨਾਲ ਸਬੰਧਤ ਪੈਂਡਿੰਗ ਦਰਖਾਸਤਾਂ ਦਾ ਤੁਰੰਤ ਨਿਪਟਾਰਾ ਕਰਨ ਦੀ ਮੰਗ ਕੀਤੀ। ਸ੍ਰੀ ਦਵਿੰਦਰ ਲਖਨਪਾਲ ਨੇ ਸਭਾ ਨਾਲ ਸਬੰਧਤ ਵੱਖ ਵੱਖ ਮਸਲਿਆਂ ਸਬੰਧੀ ਦੱਸਦੇ ਹੋਏ ਬੇਨਤੀ ਕੀਤੀ ਕਿ ਸਭਾ ਦੀ ਰਜਿਸਟਰੇਸ਼ਨ ਬਤੌਰ ਸੈਲਫ ਸਪੋਰਟਿੰਗ ਐਕਟ, 2006 ਅਧੀਨ ਖਾਰਜ ਕਰਕੇ ਸਭਾ ਨੂੰ ਮੁੜ ਐਕਟ 1961 ਵਿੱਚ ਰਜਿਸਟਰ ਕੀਤਾ ਜਾਵੇ। ਇਸ ਤੋਂ ਪਹਿਲਾਂ ਮਿਤੀ 4.12.2019 ਨੂੰ ਹੋਈ ਸੁਣਵਾਈ ਦੌਰਾਨ ਸ੍ਰੀ ਦਵਿੰਦਰ ਲਖਨਪਾਲ ਵੱਲੋਂ ਸਭਾ ਦੀ ਆਡਿਟ ਰਿਪੋਰਟ ਮਿਤੀ 1.4.2012 ਤੋਂ 19.10.2012 ਪੇਸ਼ ਕੀਤੀ ਗਈ ਸੀ। ਜਿਸ ਵਿੱਚ ਆਡਿਟ ਵਿਭਾਗ ਵੱਲੋਂ ਸਭਾ ਨੂੰ ਪੰਜਾਬ ਸੈਲਫ ਸਪੋਰਟਿੰਗ ਕੋਆਪ੍ਰੇਟਿਵ ਸੁਸਾਇਟੀਜ਼ ਐਕਟ, 2006 ਤਹਿਤ ਰਜਿਸਟਰ ਕਰਨਾ ਉਕਤ ਐਕਟ ਦੀ ਉਲੰਘਣਾ ਦੱਸਿਆ ਹੈ। ਦਫਤਰ ਵੱਲੋਂ ਇਹ ਆਡਿਟ ਰਿਪੋਰਟ ਪੱਤਰ ਨੰ. ਰਸਸ/ਆਡਿਟ/ਸਅ1/913 ਮਿਤੀ 23.1.2020 ਰਾਹੀਂ ਦਫਤਰ ਚੀਫ ਆਡਿਟਰ, ਸਹਿਕਾਰੀ ਸਭਾਵਾਂ, ਪੰਜਾਬ ਤੋਂ authenticate ਕਰਵਾਈ ਗਈ। ਜੋ ਕਿ ਚੀਫ ਆਡਿਟਰ ਦਫਤਰ ਵੱਲੋਂ ਪੱਤਰ ਨੰ. 1336 ਮਿਤੀ 30.1.2020 ਰਾਹੀਂ ਵੈਰੀਫਾਈ ਕਰਵਾਕੇ ਇਸ ਦਫਤਰ ਨੂੰ ਭੇਜੀ ਗਈ।

ਉਕਤ ਆਡਿਟ ਰਿਪੋਰਟ ਨੂੰ ਵਾਚਣ ਉਪਰੰਤ ਦਫਤਰੀ ਰਿਕਾਰਡ ਦੀ ਘੋਖ ਕੀਤੀ ਗਈ। ਰਿਕਾਰਡ ਘੋਖਣ ਤੇ ਪਾਇਆ ਗਿਆ ਕਿ ਪੰਜਾਬ ਸੈਲਫ ਸਪੋਰਟਿੰਗ ਕੋਆਪ੍ਰੇਟਿਵ ਸੁਸਾਇਟੀਜ਼ ਐਕਟ, 2006 ਦੀ ਧਾਰਾ (5) ਅਧੀਨ ਸਭਾ ਨੂੰ ਤਬਦੀਲ/ਰਜਿਸਟਰ ਕਰਨ ਲਈ ਸਮਰਥ ਅਧਿਕਾਰੀ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ ਹਨ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਪੰਜਾਬ ਸੈਲਫ ਸਪੋਰਟਿੰਗ ਕੋਆਪ੍ਰੇਟਿਵ ਸੁਸਾਇਟੀਜ਼ ਐਕਟ, 2006 ਵਿੱਚ ਸਰਕਾਰ ਵੱਲੋਂ delegation of Powers ਦਾ ਪ੍ਰਾਵਧਾਨ ਨਹੀਂ ਕੀਤਾ ਹੋਇਆ। ਪ੍ਰੰਤੂ ਇਸ ਸਭਾ ਨੂੰ ਤਬਦੀਲ/ਰਜਿਸਟਰ ਕਰਨ ਦੀ ਪ੍ਰੀਕਿਰਆ ਦੌਰਾਨ ਉਸ ਸਮੇਂ ਦੇ ਵਧੀਕ ਰਜਿਸਟਰਾਰ, ਸਹਿਕਾਰੀ ਸਭਾਵਾਂ (ਸੀ) ਦੇ ਪੱਧਰ ਤੇ ਹੀ ਇਸ ਸਭਾ ਨੂੰ, ਜੋ ਕਿ ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਐਕਟ, 1961 ਅਧੀਨ ਰਜਿਸਟਰ ਸੀ, ਤਬਦੀਲ ਕਰਕੇ ਪੰਜਾਬ ਸੈਲਫ ਸਪੋਰਟਿੰਗ ਕੋਆਪ੍ਰੇਟਿਵ ਸੁਸਾਇਟੀਜ਼ ਐਕਟ, 2006 ਤਹਿਤ ਰਜਿਸਟਰ ਕਰਨ ਦੀ ਪ੍ਰਵਾਨਗੀ ਇਸ ਦਫਤਰ ਦੇ ਪੱਤਰ ਨੰ. ਰਸਸ/ਹਾਊਸਿੰਗ/ਨਹ1/ਸੈਲਫ ਸਪੋਰਟਿੰਗ/8028 ਮਿਤੀ 17/10/2012 ਰਾਹੀਂ ਦੇ ਦਿੱਤੀ ਗਈ, ਜੋ ਕਿ ਉਕਤ ਐਕਟ ਦੀ ਉਲੰਘਣਾ ਹੈ।

ਇਸ ਤੋਂ ਇਲਾਵਾ ਸਭਾ ਨੂੰ ਪੰਜਾਬ ਸੈਲਫ ਸਪੋਰਟਿੰਗ ਕੋਆਪ੍ਰੇਟਿਵ ਸੁਸਾਇਟੀਜ਼ ਐਕਟ, 2006 ਤਹਿਤ ਰਜਿਸਟਰ ਕਰਨ ਲਈ ਸਭਾ ਤੋਂ ਪ੍ਰਾਪਤ ਅਰਜੀ ਨਾਲ ਨੱਥੀ ਆਡਿਟ ਰਿਪੋਰਟ 1.4.2009 ਤੋਂ 31.3.2010 ਨੂੰ ਘੋਖਿਆ ਗਿਆ। ਆਡਿਟ ਰਿਪੋਰਟ ਵਿੱਚ ਆਡਿਟ ਇੰਸਪੈਕਟਰ, ਮੋਹਾਲੀ ਵੱਲੋਂ ਲਗਾਈ ਗਈ ਇਤਰਾਜ ਸੂਚੀ ਵਿੱਚ ਦਰਜ ਇਤਰਾਜ ਹੇਠ ਲਿਖੇ ਅਨੁਸਾਰ ਹਨ:-

Scanned with CamScanner

- ਸਭਾ ਦਾ ਰਜਿਸਟਰ ਮੈਂਬਰਾਨ ਪੜਤਾਲ ਸਮੇਂ ਪੇਸ਼ ਨਹੀਂ ਕੀਤਾ ਗਿਆ ਅਤੇ ਨਾ ਹੀ ਮੈਂਬਰਾਂ ਦੀ ਕੋਈ ਲਿਸਟ ਪੇਸ਼ ਕੀਤੀ ਗਈ। ਸਭਾ ਦੇ ਅਹੁਦੇਦਾਰਾਂ ਦੇ ਦੱਸਣ ਮੁਤਾਬਕ ਸਭਾ ਦੇ ਨਵੇਂ ਮੈਂਬਰ ਭਰਤੀ ਕੀਤੇ ਗਏ ਹਨ, ਜਿਨਾਂ ਨੂੰ ਫਲੈਟ ਦੇਣੇ ਹਨ। ਜੇਕਰ ਅਜਿਹਾ ਹੈ ਤਾਂ ਬਿਲਕੁਲ ਗਲਤ ਹੈ। ਕਿਉਂਕਿ ਸਭਾ ਦੇ ਪੁਰਾਣੇ ਮੈਂਬਰਾਂ ਨੂੰ ਫਲੈਟ ਦੇਣੇ ਚਾਹੀਦੇ ਹਨ, ਇਹ ਪੁਰਾਣੇ ਮੈਂਬਰਾਂ ਦੇ ਅਧਿਕਾਰਾਂ ਨਾਲ ਜ਼ਿਆਦਤੀ ਹੈ। ਨਿਗਰਾਨ ਮਹਿਕਮਾ ਇਸ ਵੱਲ ਧਿਆਨ ਦੇਵੇ। ਜੇਕਰ ਇਸ ਨਾਲ ਕੋਈ ਝਗੜਾ ਪੈਦਾ ਹੁੰਦਾ ਤਾਂ ਸਭਾ ਦੇ ਅਹੁਦੇਦਾਰ ਜਿੰਮੇਵਾਰ ਹੋਣਗੇ।
- ਸਭਾ ਦੇ ਅਰਨੈਸਟ ਮਨੀ ਮੈਂਬਰਾਂ ਦੇ ਕੰਟੀਰਿਬਿਊਸ਼ਨ ਪ੍ਰੋਜੈਕਟ ਦਾ ਅਤੇ ਖਰਚਿਆਂ ਦੇ ਅਦਾਇਗੀਆਂ ਸਬੰਧੀ ਕੋਈ ਰਿਕਾਰਡ ਪੇਸ਼ ਨਹੀਂ ਕੀਤਾ ਹੈ।

ਇਸ ਤੋਂ ਇਲਾਵਾ ਆਡਿਟ ਰਿਪੋਰਟ ਵਿੱਚ ਇਹ ਵੀ ਕਥਨ ਦਰਜ ਕੀਤੇ ਗਏ ਕਿ ਰਜਿਸਟਰ ਮੈਂਬਰਾਨ ਅਤੇ ਕਾਰਵਾਈ ਕਿਤਾਬ ਪੜਤਾਲ ਲਈ ਪੇਸ਼ ਨਹੀਂ ਕੀਤੇ ਗਏ।

ਆਡਿਟ ਟੀਮ ਨੂੰ ਮਹੱਤਵਪੂਰਨ ਰਿਕਾਰਡ ਜਿਵੇਂ ਕਿ ਰਜਿਸਟਰ ਮੈਂਬਰਾਨ, ਕਿਤਾਬ ਪੜਤਾਲ ਪੇਸ਼ ਨਾ ਕਰਨਾ ਗੰਭੀਰ ਇਤਰਾਜ ਹਨ। ਇਨਾਂ ਇਤਰਾਜਾਂ ਦੀ ਪਾਲਣਾ ਕਰਵਾਉਣ ਉਪਰੰਤ ਹੀ ਸਭਾ ਨੂੰ ਸੈਲਫ ਸਪੋਰਟਿੰਗ ਐਕਟ 2006 ਤਹਿਤ ਰਜਿਸਟਰ/ਤਬਦੀਲ ਕਰਨਾ ਬਣਦਾ ਸੀ।

ਸਭਾ ਵੱਲੋਂ ਪੰਜਾਬ ਸੈਲਫ ਸਪੋਰਟਿੰਗ ਕੋਆਪ੍ਰੇਟਿਵ ਸੁਸਾਇਟੀਜ਼ ਐਕਟ, 2006 ਦੇ ਚੈਪਟਰ 2 ਦੇ ਸੈਕਸ਼ਨ 5(4)(a) ਅਨਸਾਰ ਕੇਸ ਨਾਲ ਨੱਥੀ ਆਮ ਅਜਲਾਸ ਦੇ ਵਿੱਚ ਪਾਏ special resolution ਵਿੱਚ 740 ਮੈਂਬਰਾਂ ਵਿੱਚੋਂ 190 ਮੈਂਬਰ ਹਾਜ਼ਰ ਆਏ ਦਰਸਾਏ ਹਨ ਅਤੇ ਮੀਟਿੰਗ ਦਾ ਕੋਰਮ ਪੂਰਾ ਹੋਇਆ ਦੱਸਿਆ ਹੈ।ਪ੍ਰੰਤੂ ਆਮ ਅਜਲਾਸ ਦੀ ਕਾਰਵਾਈ ਰਿਪੋਰਟ ਅਤੇ ਸਭਾ ਤੋਂ ਪ੍ਰਾਪਤ ਹੋਈ ਆਮ ਅਜਲਾਸ ਵਿੱਚ ਹਾਜ਼ਰ ਹੋਏ 190 ਮੈਂਬਰਾਂ ਦੀ ਸੂਚੀ ਵਾਚਣ ਤੇ ਪਾਇਆ ਗਿਆ ਕਿ ਇਸ ਵਿੱਚ 9 ਮੈਂਬਰਾਂ ਦਾ ਨਾਂ ਅਤੇ ਮੈਂਬਰਸ਼ਿਪ ਨੰ. ਦੋ ਬਾਰ ਦਰਜ ਕੀਤੇ ਹਨ। ਜਿਸ ਤੋਂ ਪਤਾ ਲਗਦਾ ਹੈ ਕਿ ਆਮ ਅਜਲਾਸ ਦਾ ਕੋਰਮ ਮੈਂਬਰਾਂ ਦੀ ਗਿਣਤੀ ਵਧਾਕੇ ਪੂਰਾ ਕੀਤਾ ਗਿਆ ਹੈ।

ਉਕਤ ਵਰਣਨ ਸਾਰੇ ਤੱਥਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਦੀ ਏ.ਸੀ.ਸੀ ਮੈਂਬਰਜ ਸਭਾ, ਮੋਹਾਲੀ ਤੋਂ ਪ੍ਰਾਪਤ, ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਐਕਟ 1961 ਤੋਂ ਪੰਜਾਬ ਸੈਲਫ ਸਪੋਰਟਿੰਗ ਐਕਟ 2006 ਤਹਿਤ ਤਬਦੀਲ ਕਰਨ ਸਬੰਧੀ ਕੇਸ, ਸੈਲਫ ਸਪੋਰਟਿੰਗ ਐਕਟ 2006 ਤਹਿਤ ਦਰਜ ਸ਼ਰਤਾਂ ਪੂਰੀਆਂ ਨਹੀਂ ਕਰਦਾ ਸੀ। ਇਸ ਲਈ ਮੈਂ ਵਿਕਾਸ ਗਰਗ, ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ ਸਭਾ ਦੇ ਹਿਤਾਂ ਨੂੰ ਮੁੱਖ ਰੱਖਦੇ ਹੋਏ ਇਸ ਦਫਤਰ ਵੱਲੋ ਜਾਰੀ ਪੱਤਰ ਨੰ. ਰਸਸ/ ਹਾਉਸਿੰਗ/ਨਹ1/ਸੈਲਫ ਸਪੋਰਟਿੰਗ/8028 ਮਿਤੀ 17/10/2012 ਵਾਪਸ ਲੈਣ ਦੇ ਹੁਕਮ ਕਰਦਾ ਹਾਂ।

ਰਜਿਸਟਰਾਰ
ਸਹਿਕਾਰੀ ਸਭਾਵਾਂ,
ਪੰਜਾਬ, ਚੰਡੀਗੜ੍ਹ।

ਮਿਤੀ 06.10.2020

ਪਿੱਠ ਅੰਕਣ ਨੰ: ਰਸਸ/ਹਾਉਸਿੰਗ/ਨਹ/ 6301-6 ਮਿਤੀ 9-10-2020

Scanned with CamScanner

ਉਪਰੋਕਤ ਦਾ ਉਤਾਰਾ:-

1. ਚੀਫ ਆਡੀਟਰ, ਸਹਿਕਾਰੀ ਸਭਾਵਾਂ, ਪੰਜਾਬ ਨੂੰ ਸੂਚਨਾ ਹਿੱਤ;
2. ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਮੋਹਾਲੀ ਨੂੰ ਸੂਚਨਾ ਹਿੱਤ;
3. ਸਹਾਇਕ ਰਜਿਸਟਰਾਰ, ਮੋਹਾਲੀ ਨੂੰ ਸੂਚਨਾ ਹਿੱਤ;
4. ਸੁਪਰਡੰਟ, ਈ.ਐਂਡ.ਟੀ ਸ਼ਾਖਾ, ਮੁੱਖ ਦਫਤਰ ਨੂੰ ਸੂਚਨਾ ਹਿਤ;
5. ਸ੍ਰੀ ਦਵਿੰਦਰ ਲਖਨਪਾਲ (ਸਾਬਕਾ ਆਨਰੇਰੀ ਸਕੱਤਰ), ਦੀ ਏ.ਸੀ.ਸੀ ਮੈਂਬਰਜ਼ ਸੈਲਫ ਸਪੋਰਟਿੰਗ ਸਹਿਕਾਰੀ ਮਕਾਨ ਉਸਾਰੀ ਸਭਾ, ਮੋਹਾਲੀ ਨੂੰ ਸੂਚਨਾ ਹਿਤ (ਰਾਹੀਂ) ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਮੋਹਾਲੀ;
6. ਮੈਨੇਜਰ, ਦੀ ਏ.ਸੀ.ਸੀ ਮੈਂਬਰਜ਼ ਸੈਲਫ ਸਪੋਰਟਿੰਗ ਸਹਿਕਾਰੀ ਮਕਾਨ ਉਸਾਰੀ ਸਭਾ, ਮੋਹਾਲੀ ਨੂੰ ਸੂਚਨਾ ਹਿਤ (ਰਾਹੀਂ) ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਮੋਹਾਲੀ;

ਵਧੀਕ ਰਜਿਸਟਰਾਰ(ਡੀ)

Scanned with CamScanner